# ਰੇਡੀਓ ਲੜੀਵਾਰ – ਟਿਕਾਊ ਵਿਕਾਸ – ਚਲਦੀ ਰਹੇ ਇਹ ਜਿੰਦਗੀ

# ਕੜੀ-40, ਸਹਿਮਿਆ ਹੋਇਆ ਸਮੁੰਦਰ

## (Challenges to Major Marine Eco-system of India)

ਲੇਖਣ ਤੇ ਖੋਜ : ਥੋਮਸ ਮੈਨੂਅਲ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(The episode deals with the ecosystems existing in the oceans of India. The story iis depicted through a fairy tale like happening, in which a prince is turned into a golden fish who travels round the whole sea surrounding the Indian sub continent and gains practical knowledge about the Eco systems of the oceans and on the verge of the completetion of the journey the golden fish has an encounter with a queen having powers of doing miracles. The fish is turned into the prince again and the prince then gains hold of his kingdom and rules with the knowledge gained thus.)

(ਇਸ ਕੜੀ ਵਿਚ ਭਾਰਤ ਦੇ ਆਲੇ ਦੁਆਲੇ ਦੇ ਸਮੁੰਦਰਾਂ ਦੀ ਪਰਿਆਵਰਣੀ ਪ੍ਰਣਾਲੀ (ਈਕੋਸਿਸਟਮ) 'ਤੇ ਗੱਲ ਕੀਤੀ ਗਈ ਹੈ। ਇਹ ਗੱਲ ਬਾਤ ਇੱਕ ਪਰੀ ਕਹਾਣੀ ਦੇ ਰੂਪ ਵਿੱਚ ਕੀਤੀ ਹੈ ਜਿਸ ਵਿੱਚ ਇੱਕ ਰਾਜੁਮਾਰ ਨੂੰ ਉਸਦਾ ਭਰਾ ਰਾਜ ਭਾਗ 'ਤੇ ਕਬਜਾ ਕਰਨ ਵਾਸਤੇ ਇੱਕ ਸੁਨਹਿਰੀ ਮੱਛੀ ਬਣਾ ਦਿੰਦਾ ਹੈ , ਉਹ ਸੁਨਹਿਰੀ ਮੱਛੀ ਭਾਰਤੀ ਸਮੁੰਦਰਾਂ ਦੇ ਤਟਾਂ ਤੇ ਘੁੰਮਦੀ ਹੋਈ ਇਨ੍ਹਾਂ ਦੀਆਂ ਗਹਿਰਾਈਆਂ ਵਿੱਚ ਟੁੱਭੀਆਂ ਲਾਉਂਦੀ ਹੋਈ ਇਨ੍ਹਾਂ ਵਿੱਚ ਵਸ ਰਹੇ ਜੀਵਣ ਦੀ ਤੇ ਪਰਿਵਰਣੀ ਤੰਤਰ ਦੀ ਥਾਹ ਪਾਉਂਦੀ ਹੈ। ਸੁਨਹਿਰੀ ਮੱਛੀ ਦੀ ਯਾਤਰਾ ਦੇ ਅੰਤ ਵੇਲੇ ਉਸਨੂੰ ਇੱਕ ਰਾਣੀ ਮਿਲਦੀ ਹੈ ਜਿਸ ਕੋਲ ਕਰਾਮਾਤਾਂ ਕਰਨ ਦਾ ਗੁਰ ਹੈ ! ਉਹ ਰਾਣੀ ਇਸ ਸੁਨਹਿਰੀ ਮੱਛੀ ਨੂੰ ਮੁੜ ਕੇ ਇੱਕ ਸ਼ਹਿਜ਼ਾਦਾ ਬਣਾ ਦਿੰਦੀ ਹੈ ਤੇ ਇਹ ਸ਼ਹਿਜ਼ਾਦਾ ਆਪਣੀ ਭਾਰਤੀ ਸਮੁੰਦਰਾਂ ਦੀ ਞਾਤਰਾ ਦੌਰਾਨ ਇਸ ਪ੍ਰਸਥਿਤਿਕ ਤੰਤਰ ਬਾਬਤ ਪ੍ਰਾਪਤ ਗਿਆਨ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਕਰਦਾ ਹੈ ।

ਪਾਤਰ

1. ਇਸਤਰੀ ਸੂਤਰਧਾਰ
2. ਪੁਰਸ਼ ਸੂਤਰਧਾਰ
3. ਰੇਨੂ (10 ਸਾਲ ਦੀ ਕੁੜੀ)
4. ਮੀਨਾ (ਰੇਨੂੰ ਦੀ ਮਾਂ: ਉਮਰ 35 ਸਾਲ)
5. ਹਰਿੰਦਰ ਸਿੰਘ (ਆਲਸੀ ਰਾਜਕੁਮਾਰ: ਉਮਰ 30 ਸਾਲ)

6. ਸਰੋਜ (ਹਰਿੰਦਰ ਸਿੰਘ ਦੀ ਪਤਨੀ: ਉਮਰ 25 ਸਾਲ)
7. ਮੰਤਰੀ : ਹਰਿੰਦਰ ਸਿੰਘ ਦਾ ਮੰਤਰੀ (ਉਮਰ 50 ਸਾਲ)
8. ਨਰਿੰਦਰ ਸਿੰਘ (ਚੰਗਾ ਰਾਜਕੁਮਾਰ: ਉਮਰ 25 ਸਾਲ)
9. ਮੰਤਰੀ ਤੀਰਥ : (ਉਮਰ 40 ਸਾਲ)
10. ਰਾਣੀ (30-35 ਸਾਲ)

**ਲੜੀਵਾਰ ਦੇ ਸੰਗੀਤ ਦੀ ਧੁਨ................................ਮੱਧਮ ਪੈ ਕੇ ਅਲੋਪ ਹੋ ਜਾਂਦੀ ਹੈ**

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਉਨਤਾਲੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ! ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ, ਇਥੋਂ ਦੇ ਸਮੁੰਦਰਾਂ, ਪਹਾੜਾਂ, ਜੰਗਲ ਬੇਲਿਆਂ, ਜੰਗਲੀ ਜਾਨਵਰਾਂ, ਪਸ਼ੂ -ਪੰਛੀਆਂ ਨੂੰ, ਦਰਿਆਵਾਂ ਨੂੰ ਤੇ ਮਨੁਖਤਾ ਨੂੰ ! ਅੱਜ ਦੀ ਕੜੀ **"ਸਹਿਮਿਆ ਹੋਇਆ ਸਮੁੰਦਰ"** ਵਿੱਚ ਹੈ ਪੇਸ਼ਕਾਰੀ ਭਾਰਤ ਦੇ ਸਾਗਰਾਂ ਦੀ ਪਰਿਆਵਰਣੀ ਪ੍ਰਣਾਲੀ ਦੀ, ਇਨ੍ਹਾਂ ਸਾਗਰਾਂ ਵਿਚਲੇ ਸਜੀਵ ਤੇ ਨਿਰਜੀਵ ਸੰਸਾਰ ਨੂੰ ਦਰਪੇਸ਼ ਖਤਰਿਆਂ ਤੇ ਚੁਣੌਤੀਆਂ ਦੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 40ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ!

**ਮਰਦ ਸੂਤਰਧਾਰ:**ਪਿਛਲੀ ਕੜੀ **"ਮਹਾਂਸਾਗਰਾਂ ਦੀ ਬਹੁਰੰਗੀ ਪਰਿਆਵਰਣੀ ਪ੍ਰਣਾਲੀ ਤੇ ਚੁਣੌਤੀਆਂ"** ਵਿੱਚ ਸੰਸਾਰ ਦੇ ਸਾਗਰਾਂ ਦੇ ਪ੍ਰਸਿਥਿਤਿਕ ਤੰਤਰ ਦੀ ਸੁਣਾਈ ਸੀ ਕਹਾਣੀ ।

**ਔਰਤ ਸੂਤਰਧਾਰ:**ਸੁਣਿਆ ਸੀ ਬ੍ਰਿਤਾਂਤ ਕਲੋਲਾਂ ਕਰਦੇ ਜੀਵਣ ਦੇ ਤਾਣੇ ਬਾਣੇ ਦਾ, ਵਸਦਾ ਹੈ ਜੋ ਸਮੁੰਦਰੀ ਤਟਾਂ 'ਤੇ , ਸਤਿਹ ਉਪਰ ਅਤੇ ਜਲਮਗਨ ਡੂੰਘਾਈਆਂ ਦੇ ਵਿੱਚ !

**ਮਰਦ ਸੂਤਰਧਾਰ:** ਕਹਾਣੀ ਸੀ ਵੰਨ-ਸੁਵੰਨੇ ਸਮੁੰਦਰੀ ਜਲ ਜੀਵਣ ਦੀ ਇਕਸੁਰਤਾ ਦੀ, ਇਸਦੇ ਸਜੀਵ ਤੇ ਨਿਰਜੀਵ ਤੰਤਰ ਦੇ ਸੁਮੇਲ ਦੀ !

**ਔਰਤ ਸੂਤਰਧਾਰ:** ਖੁਲਿਆ ਸੀ ਭੇਦ ਕਿ ਬੱਝਿਆ ਹੈ ਮੁੱਢ ਜੀਵਣ ਦਾ ਇਨ੍ਹਾਂ ਸਮੁੰਦਰਾਂ ਦੇ ਵਿਚ ਹੀ ! ਵਸਦੇ ਨੇ ਇੱਥੇ, ਅਤਿ ਸੂਖਮ ਜੀਵਾਣੂ ਵੀ ਤੇ ਸੱਭ ਤੋਂ ਵਿਸ਼ਾਲ ਕਾਇ ਵੇਲ੍ਹ ਵਰਗੇ ਜੀਵ ਵੀ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਸਮੁੰਦਰੀ ਜੀਵਣ ਤੰਤਰ ਦੇ ਵੱਖ ਵੱਖ ਕਾਰਕਾਂ ਦੀ, ਜੀਵਾਂ ਦੇ ਸੰਤੁਲਣ ਦੀ, ਉਨ੍ਹਾਂ ਦੀ ਮਹੱਤਤਾ ਦੀ !

**ਔਰਤ ਸੂਤਰਧਾਰ:** ਹੋਈ ਸੀ ਚਰਚਾ ਕਿ ਸਮੁੰਦਰੀ ਜੀਵ ਨੇ ਖਾਜਾ ਇੱਕ ਦੂਜੇ ਦਾ ਪਰ ਨਹੀਂ ਵਿਗੜਦਾ ਸੰਤੁਲਣ ! ਖਾਂਦਾ ਹੈ ਹਰ ਜੀਵ ਦੂਸਰਿਆਂ ਨੂੰ, ਆਪਣੀ ਲੋੜ ਅਨੁਸਾਰ ਹੀ !

**ਮਰਦ ਸੂਤਰਧਾਰ:** ਆਇਆ ਸੀ ਸੱਚ ਸਾਹਮਣੇ ਕਿ ਉਥੇ ਨਹੀਂ ਕੋਈ ਜਖੀਰੇਬਾਜੀ ਜਿਸ ਕਰਕੇ ਨਹੀਂ ਹੁੰਦੀ ਕੋਈ ਫਾਲਤੂ ਮਾਰਾ ਮਾਰੀ!

**ਔਰਤ ਸੂਤਰਧਾਰ:** ਤਸਵੀਰ ਸੀ ਮਨੁੱਖੀ ਗਤੀ ਵਿਧੀਆਂ ਰਾਹੀਂ ਨਸਟ ਹੁੰਦੇ ਮੂੰਗੇ ਦੇ ਪਹਾੜਾਂ ਦੀ ! ਨਸ਼ਟ ਹੋ ਰਹੇ ਸਮੁੰਦਰੀ ਜੀਵਣ ਦੀ ! ਸਮੁੰਦਰਾਂ ਵਿੱਚ ਸੁੱਟੇ ਜਾਂਦੇ ਕਚਰੇ ਦੀ!

**ਮਰਦ ਸੂਤਰਧਾਰ:** ਕੀਤੀ ਸੀ ਗੱਲ ਸਮੁੰਦਰਾਂ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਦੀ ! ਉਨ੍ਹਾਂ ਦੇ ਹੱਲ ਦੀ !

**ਔਰਤ ਸੂਤਰਧਾਰ:** ਅੱਜ ਦੀ ਇਸ ਚਾਲੀਵੀਂ ਕੜੀ **"ਸਹਿਮਿਆ ਹੋਇਆ ਸਮੁੰਦਰ"** ਵਿੱਚ ਪੇਸ਼ ਹੋਵੇਗੀ ਕਹਾਣੀ ਸਾਡੇ ਭਾਰਤੀ ਸਾਗਰਾਂ ਦੇ ਪ੍ਰਸਥਿਤਿਕ ਤੰਤਰ ਦੀ!

**ਮਰਦ ਸੂਤਰਧਾਰ:** ਕਰਾਂਗੇ ਅਸੀਂ ਗੱਲ ਅੱਜ! ਸਾਡੇ ਇਨ੍ਹਾਂ ਭਾਰਤੀ ਸਮੁੰਦਰਾਂ ਦੇ ਹਾਲ ਦੀ ! ਸੁਣੋ ਇਹ ਬ੍ਰਿਤਾਂਤ, ਸਾਡੇ ਇਨ੍ਹਾਂ ਕਲਾਕਾਰਾਂ ਦੀ ਜ਼ੁਬਾਨੀ !

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)**

------------ਦ੍ਰਿਸ਼ ਪਰਿਵਰਤਨ ਸੰਗੀਤ----------

**ਦ੍ਰਿਸ਼ ਪਹਿਲਾ**

**(ਰੇਨੂ ਦਾ ਘਰ/ ਰਾਤ ਦਾ ਸਮਾਂ)**

**ਰੇਨੂ (ਰੋਂਦੇ ਹੋਏ):** ਮੰਮੀ, ਨੀਂਦ ਨਹੀਂ ਆ ਰਹੀ।

**ਮੀਨਾ:** ਨੀਂਦ ਨਹੀਂ ਆਉਂਦੀ ? ਚੱਲ ਚੰਗਾ! ਮੈਂ ਤੈਨੂੰ ਇੱਕ ਕਹਾਣੀ ਸੁਣਾਉਂਦੀ ਹਾਂ ਮੱਛੀ ਬਣੇ ਰਾਜਕੁਮਾਰ ਦੀ !

**ਰੇਨੂ:** (ਹੈਰਾਨੀ ਨਾਲ): ਕੀ! ਰਾਜਕੁਮਾਰ, ਮੱਛੀ ਬਣ ਗਿਆ ਸੀ ? ਕਿਵੇਂ ਮੰਮੀ ?

**ਮੀਨਾ:** ਇਕ ਵਾਰ ਦੀ ਗੱਲ ਹੈ। ਭਾਰਤ ਦੇ ਸਮੁੰਦਰੀ ਤੱਟੀ ਇਲਾਕੇ ਵਿਚ ਇਕ ਸੀ ਰਾਜਾ !

**ਰੇਨੂ:** (ਵਿਚ ਹੀ ਟੋਕਦੇ ਹੋਏ।): ਭਾਰਤ ਦੇ ਕਿਹੜੇ ਤੱਟ ਵਿਚ ਮੰਮੀ ?

**ਮੀਨਾ(ਨਾ ਸਮਝ ਬਣਦੇ ਹੋਏ):** ਕਿਹੜੇ ਮਤਲਬ ?

**ਰੇਨੂ:** ਮੰਮੀ, ਭਾਰਤ ਦੇ ਤਾਂ ਦੋ ਲੰਬੇ ਸਮੁੰਦਰੀ ਤੱਟ ਨੇ, ਖਾੜੀ ਬੰਗਾਲ ਵਾਲਾ ਤੇ ਅਰਬ ਸਾਗਰ ਵਾਲਾ !

**ਮੀਨਾ:** ਪਹਿਲਾਂ ਤੂੰ ਦੱਸ ਕਿ ਭਾਰਤ ਦੀ ਕਰੀਬ ਸਾਢੇ ਸੱਤ ਹਜ਼ਾਰ ਕਿਲੋਮੀਟਰ ਲੰਬੀ ਤੱਟੀ ਰੇਖਾ ਵਿਚੋਂ ਸਭ ਤੋਂ ਵੱਡਾ ਸਮੁੰਦਰੀ ਤੱਟ ਕਿਹੜੇ ਰਾਜ ਵਿਚ ਹੈ?

**ਰੇਨੂ:** ... ਗੁਜਰਾਤ ਵਿੱਚ, 1915 ਕਿਲੋ ਮੀਟਰ !

**ਮੀਨਾ:** ਚਲ ! ਇਸਨੂੰ ਗੁਜਰਾਤ ਦੀ ਹੀ ਕਹਾਣੀ ਮੰਨ ਲੈ ...! ਕਹਾਣੀ ਹੈ ਉਥੋਂ ਦੇ ਰਾਜੇ ਦੇ ਦੋ ਰਾਜਕੁਮਾਰਾਂ ਦੀ !

**ਰੇਨੂ:** ਠੀਕ ਹੈ, ਮੰਮੀ।

**ਮੀਨਾ:** ਉਸ ਰਾਜ ਦੇ ਲਈ ਸਮੁੰਦਰ ਦਾ ਬਹੁਤ ਜ਼ਿਆਦਾ ਮਹੱਤਵ ਸੀ।

**ਰੇਨੂ:** ਹਾਂ ! ਅੱਜ-ਕੱਲ੍ਹ ਵੀ ਤਾਂ ਭਾਰਤ ਦੀ ਇਕ ਤਿਹਾਈ ਅਬਾਦੀ ਸਮੁੰਦਰ ਅਤੇ ਸਮੁੰਦਰ ਦੇ ਤੱਟੀ ਇਲਾਕਿਆਂ ‘ਤੇ ਨਿਰਭਰ ਹੈ।

**ਮੀਨਾ :** ਇਸੇ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਉਸ ਸਮੇਂ ਕੀ ਸਥਿਤੀ ਹੋਵੇਗੀ !

**ਰੇਨੂ:** ਪਰ, ਸਮੁੰਦਰ ਅਤੇ ਸਮੁੰਦਰੀ ਤੱਟਾਂ ‘ਤੇ ਲੋਕਾਂ ਦੀ ਐਨੀ ਨਿਰਭਰਤਾ ਕਿਉਂ ਸੀ ?

**ਮੀਨਾ:** ਵੇਖ ! ਇੱਕ ਤੱਟੀ ਇਲਾਕੇ ਖੇਤੀ ਦੇ ਲਿਹਾਜ਼ ਨਾਲ ਵਧੀਆ ਮੰਨੇ ਜਾਂਦੇ ਨੇ ! ਦੂਜਾ ਪੁਰਾਣੇ ਸਮੇਂ ਵਿਚ ਸ਼ਹਿਰ ਵੀ ਸਮੁੰਦਰੀ ਤੱਟ ‘ਤੇ ਹੀ ਵਸੇ ਸਨ ਕਿਉਂਕਿ ਉਦੋਂ ਵਪਾਰ ਅਤੇ ਯਾਤਰਾਵਾਂ ਦੇ ਲਈ ਬੰਦਰਗਾਹਾਂ ਦਾ ਬਹੁਤ ਮਹੱਤਵ ਸੀ !

**ਰੇਨੂ:** ਹਾਂ ਮੰਮੀ ! ਅਜਕਲ੍ਹ ਬੇਸ਼ੱਕ ਸਮੁੰਦਰੀ ਜਹਾਜ਼ਾਂ ਦੀਆਂ ਯਾਤਰਾਵਾਂ ਤਾਂ ਘੱਟ ਗਈਆਂ ਪਰ ਵਪਾਰ ਵਾਸਤੇ ਤਾਂ ਬੰਦਰਗਾਹਾਂ ਦਾ ਮਹੱਤਵ ਤਾਂ ਅੱਜ ਵੀ ਬਰਕਰਾਰ ਹੈ।

**ਮੀਨਾ:** ਸਮੁੰਦਰ ਦੇ ਤਟੀ ਸ਼ਹਿਰ ਤਾਂ ਉਦਯੋਗ ਤੇ ਕਾਰੋਬਾਰ ਦੇ ਵਾਧੇ ਕਾਰਨ ਬਹੁਤ ਜਿਆਦਾ ਫੈਲ ਗਏ! ਕਿੰਨੇ ਹੀ ਲੋਕ ਉਨ੍ਹਾਂ ਸ਼ਹਿਰਾਂ ਵਿਚ ਰੋਜ਼ਗਾਰ ਦੇ ਲਈ ਜਾ ਵਸਦੇ ਹਨ !

**ਰੇਨੂ:** ਪਰ ਮੰਮੀ ! ਉਸ ਤਟੀ ਰਾਜ ਦੇ ਰਾਜਕੁਮਾਰਾਂ ਦੀ ਕੀ ਸੀ ਕਹਾਣੀ ?

**ਮੀਨਾ:**ਰਾਜਾ-ਰਾਣੀ ਬਹੁਤ ਕੁਸ਼ਲਤਾ ਨਾਲ ਰਾਜ ਚਲਾਉਂਦੇ ਸਨ ।ਉਨ੍ਹਾਂ ਦੇ ਦੋ ਪੁੱਤਰ ਸਨ ! ਰਾਜਾ ਬਜ਼ੁਰਗ ਹੋ ਗਿਆ! ਉਸ ਨੇ ਰਾਜ ਦੇ ਕੰਮਾਂ ਦੀ ਜ਼ਿੰਮੇਵਾਰੀ ਰਾਜਕੁਮਾਰਾਂ ਨੂੰ ਦੇ ਦਿੱਤੀ ।

**ਰੇਨੂੰ:** ਅੱਛਾ ਫਿਰ ?

**ਮੀਨਾ:** ਉਹ ਰਾਜਕੁਮਾਰ ਆਪਣੀ ਪ੍ਰਜਾ ਦੀ ਖੁਸ਼ਹਾਲੀ ਨੂੰ ਲੈ ਕੇ ਨਿਸਚਿੰਤ ਸਨ ! ਭੂਮੀ ਬਹੁਤ ਉਪਜਾਊ ਸੀ।ਲੋਕ ਵੀ ਬਹੁਤ ਮਿਹਨਤੀ ਸਨ ! ਪਰ, ਵੱਡਾ ਰਾਜਕੁਮਾਰ ਹਰਿੰਦਰ ਸਿੰਘ ਬਹੁਤ ਆਲਸੀ ਸੀ। ਉਹ ਰਾਜ ਦੇ ਕੰਮਾਂ ਦਾ ਫਿਕਰ ਨਹੀਂ ਸੀ ਕਰਦਾ !

---------------**ਦ੍ਰਿਸ਼ ਪਰਿਵਰਤਨ ਸੰਗੀਤ**--------------

**ਦ੍ਰਿਸ਼ -ਦੂਜਾ**

**(ਰਾਜਕੁਮਾਰ ਹਰਿੰਦਰ ਸਿੰਘ ਦੇ ਦਰਬਾਰ ਦਾ ਦ੍ਰਿਸ਼)**

**ਹਰਿੰਦਰ ਸਿੰਘ:** (ਉਬਾਸੀ ਲੈਂਦੇ ਹੋਏ): ਮੰਤਰੀ ! ਅੱਜ ਅਸੀਂ ਕੁਝ ਕਰਨਾ ਤਾਂ ਨਹੀਂ?

**ਮੰਤਰੀ:** ਮਹਾਰਾਜ, ਮੱਛੀ ਪਾਲਣ ਦੇ ਧੰਦੇ ਦੇ ਬਾਬਤ ਸਲਾਹ ਕਰਨੀ ਹੈ। ਰਾਜ ਦੇ ਲੋਕਾਂ ਵਿਚ ਤੇ ਮਛੇਰਿਆਂ ਵਿਚ ਅਰਾਜਕਤਾ ਫੈਲ ਰਹੀ ਹੈ। ਉਨ੍ਹਾਂ ਨੂੰ ਦੋ ਵਕਤ ਦੀ ਰੋਟੀ ਮਿਲਣੀ ਵੀ ਮੁਸ਼ਕਿਲ ਹੋ ਗਈ ਹੈ। ਹਾਲਾਤ ਬਦਤਰ ਹੁੰਦੇ ਜਾ ਰਹੇ ਹਨ।

**ਹਰਿੰਦਰ ਸਿੰਘ:** ਤਾਂ ਇਸ ਵਿਚ ਅਸੀਂ ਕੀ ਕਰ ਸਕਦੇ ਹਾਂ ?

**ਮੰਤਰੀ :** ਮਹਾਰਾਜ ! ਮੇਰੇ ਵਰਗੇ ਕਿਸੇ ਯੋਗ ਵਿਅਕਤੀ ਨੂੰ ਪੂਰੇ ਮੱਛੀ ਪਾਲਣ ਧੰਦੇ ਦੀ ਜ਼ਿੰਮੇਵਾਰੀ ਸੌਂਪ ਦਿਉ।ਉਹ ਸਾਰਿਆਂ 'ਤੇ ਨਿਗਰਾਨੀ ਵੀ ਰੱਖੇਗਾ ਤੇ ਮੱਛੀ ਫੜਨ ਦੇ ਚੰਗੇ ਤਰੀਕੇ ਵਰਤ ਕੇ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ਾ ਵੀ ਕੱਢ ਲਵੇਗਾ ! ਜਦ ਸਾਰੇ ਮਛੇਰੇ ਉਸਦੇ ਅਧੀਨ ਹੀ ਕੰਮ ਕਰਨਗੇ ਤਾਂ ਪੂਰੇ ਰਾਜ ਨੂੰ ਬਹੁਤ ਲਾਭ ਹੋਵੇਗਾ !

**ਹਰਿੰਦਰ ਸਿੰਘ:** ਬਹੁਤ ਚੰਗਾ! ਮੈਂ ਤਾਂ ਕੁਸ਼ਤੀ ਦਾ ਮੁਕਾਬਲਾ ਦੇਖਣ ਜਾਣਾ ਹੈ ! ਕਿਤੇ ਦੇਰ ਨਾ ਹੋ ਜਾਵੇ ! ਇਸ ਮਾਮਲੇ 'ਤੇ ਜਿਵੇਂ ਤੁਹਾਨੂੰ ਠੀਕ ਲੱਗੇ ਕਰ ਲੈਣਾ ।

**----------ਦ੍ਰਿਸ਼ ਪਰਿਵਰਤਨ ਸੰਗੀਤ----------**

**(ਰੇਨੂ ਦਾ ਘਰ/ ਰਾਤ ਦਾ ਸਮਾਂ)**

**ਰੇਨੂ:** ਮੰਮੀ, ਮੰਤਰੀ ਤਾਂ ਬਹੁਤ ਹੀ ਚਲਾਕ ਲੱਗ ਰਿਹਾ ਹੈ ! ਕੋਈ ਸਾਜਿਸ਼ ਤਾਂ ਨਹੀਂ ਰਚ ਰਿਹਾ ?

**ਮੀਨਾ:** ਹੋ ਸਕਦਾ ਹੈ ! ਚਲ ਹੁਣ ਸੁਣ ਰਾਜੇ ਦੇ ਦੂਸਰੇ ਪੁੱਤਰ ਦੇ ਰਾਜਭਾਗ ਦਾ ਹਾਲ !

**-----------ਦ੍ਰਿਸ਼ ਪਰਿਵਰਤਨ ਸੰਗੀਤ-----------**

**(ਰਾਜਕੁਮਾਰ ਨਰਿੰਦਰ ਸਿੰਘ ਦੇ ਦਰਬਾਰ ਦਾ ਦ੍ਰਿਸ਼)**

**ਮੰਤਰੀ ਤੀਰਥ:** ਮਹਾਰਾਜ! ਕੂੜੇ ਦੇ ਨਿਪਟਾਰੇ ਦੀ ਨਵੀਂ ਵਿਵਸਥਾ ਵਿਚ ਬਹੁਤ ਪ੍ਰੇਸ਼ਾਨੀ ਆ ਰਹੀ ਹੈ ! ਵਪਾਰੀ ਪੁੱਛ ਰਹੇ ਹਨ ਕਿ ਉਨ੍ਹਾਂ ਨੂੰ ਨਦੀ ਅਤੇ ਸਮੁੰਦਰ ਵਿਚ ਕੂੜਾ ਸੁੱਟਣ ਤੋਂ ਮਨ੍ਹਾ ਕਿਉਂ ਕੀਤਾ ਜਾ ਰਿਹਾ ਹੈ ?

**ਨਰਿੰਦਰ ਸਿੰਘ:** ਮੰਤਰੀ ਤੀਰਥ ! ਉਨ੍ਹਾਂ ਦੀ ਗੱਲ ਸੁਣੋ ! ਸਾਰਿਆਂ ਨੂੰ ਦੱਸ ਦਿਉ ਕਿ ਉਨ੍ਹਾਂ ਦੀ ਸਹੂਲਤ ਦੇ ਲਈ ਜੋ ਵੀ ਹੋ ਸਕੇਗਾ ਅਸੀਂ ਕਰਾਂਗੇ! ਪਰ ਧਿਆਨ ਰੱਖਣਾ ਕਿ ਸਮੁੰਦਰ ਵਿਚ ਕੂੜਾ ਸੁੱਟਣ ਦੀ ਪਾਬੰਦੀ ਵਿੱਚ ਕੋਈ ਵਿਘਣ ਨਾ ਪਵੇ! ਸਾਡਾ ਰਾਜ ਸਮੁੰਦਰ 'ਤੇ ਨਿਰਭਰ ਹੈ ! ਸਮੁੰਦਰ ਵਿੱਚ ਕੂੜਾ ਭਰ ਕੇ ਅਸੀਂ ਉਸ ਨੂੰ ਮਾਰਨ ਦੀ ਇਜਾਜਤ ਨਹੀਂ ਦੇ ਸਕਦੇ।

**-----------ਦ੍ਰਿਸ਼ ਪਰਿਵਰਤਨ ਸੰਗੀਤ-----------**

**(ਰੇਨੂ ਦਾ ਘਰ/ ਰਾਤ ਦਾ ਸਮਾਂ)**

**ਰੇਨੂ:** ਇਹ ਰਾਜਕੁਮਾਰ ਤਾਂ ਪਹਿਲੇ ਨਾਲੋਂ ਬਹੁਤ ਸਮਝਦਾਰ ਲੱਗ ਰਿਹਾ ਹੈ !

**ਮੀਨਾ:** ਹਾਂ ! ਇਸੇ ਕਰਕੇ ਤਾਂ ਰਾਜੇ ਨੇ ਦੂਸਰੇ ਪੁੱਤਰ ਨੂੰ ਆਪਣਾ ਉਤਰਾਧਿਕਾਰੀ ਬਨਾਉਣ ਦਾ ਨਿਸ਼ਚਾ ਕਰ ਲਿਆ ! ਆਲਸੀ ਰਾਜਕੁਮਾਰ ਨਰਾਜ਼ ਹੋ ਗਿਆ ਤੇ ਉਸਨੇ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

**------------ਦ੍ਰਿਸ਼ ਪਰਿਵਰਤਨ ਸੰਗੀਤ-----------**

**ਹਰਿੰਦਰ ਸਿੰਘ ਦਾ ਮਹਿਲ**

**ਹਰਿੰਦਰ ਸਿੰਘ:(ਗੁੱਸੇ ਵਿਚ)** ਮੈਂ ਵੱਡਾ ਹਾਂ ! ਰਾਜ 'ਤੇ ਮੇਰਾ ਹੱਕ ਹੈ ! ਪਰ ਜੇਕਰ ਮੈਨੂੰ ਸਾਰਾ ਰਾਜ ਨਹੀਂ ਵੀ ਦੇਣਾ ਤਾਂ ਅੱਧਾ ਤਾਂ ਦੇਣਾ ਬਣਦਾ ਹੀ ਐ ! ਪਿਤਾ ਜੀ ਤਾਂ ਬਿਲਕੁਲ ਹੀ ਅਨਿਆ ਕਰ ਰਹੇ ਨੇ !

**ਸਰੋਜ:** ਮੇਰੇ ਪ੍ਰਾਣ ਪਿਆਰੇ...! ਚਿੰਤਾ ਕਾਹਦੀ ? ਮੇਰੇ ਕੋਲ ਸੱਭ ਮੁਸ਼ਕਿਲਾਂ ਦਾ ਹੱਲ ਹੈ !

**ਹਰਿੰਦਰ ਸਿੰਘ:** ਕੀ ਹੈ ਹੱਲ ਤੇਰੇ ਕੋਲ ਸਰੋਜ ?

**ਸਰੋਜ:** ਮੈਂ ਆਪਣੀਆਂ ਜਾਦੂਈ ਸ਼ਕਤੀਆਂ ਨਾਲ ਇੰਦਰਜਾਲ ਰਾਹੀਂ ਤੁਹਾਡੇ ਭਰਾ ਨੂੰ ਇਕ ਮੱਛੀ ਬਣਾ ਦੇਵਾਂਗੀ ਤੇ ਸਾਨੂੰ ਉਸ ਤੋਂ ਛੁਟਕਾਰਾ ਮਿਲ ਜਾਵੇਗਾ !

**ਹਰਿੰਦਰ ਸਿੰਘ:** (ਹੈਰਾਨੀ ਨਾਲ) ਕੀ ਆਖਿਆ...? ਕੀ ਅਜਿਹਾ ਸੰਭਵ ਹੈ ?

**ਸਰੋਜ(ਚਲਾਕੀ ਨਾਲ):** ਬਿਲਕੁਲ ! ਮੇਰੀਆਂ ਸ਼ੈਤਾਨੀ ਸ਼ਕਤੀਆਂ ਬਹੁਤ ਤਾਕਤਵਰ ਨੇ !

**ਹਰਿੰਦਰ ਸਿੰਘ:** ਠੀਕ ਹੈ ! ਪਰ ਤੂੰ ਇਹ ਸਭ ਕਰੇਂਗੀ ਕਿਵੇਂ ?

**ਸਰੋਜ:(ਚਲਾਕੀ ਭਰੀ ਆਵਾਜ਼ ਵਿਚ)** ਨਰਿੰਦਰ ਸਿੰਘ ਨੂੰ ਇਕ ਦਾਵਤ ਲਈ ਬੁਲਾਉ । ਸਾਰਿਆਂ ਨੂੰ ਰੋਟੀ ਖਵਾਉਣ ਮਗਰੋਂ ਅਸੀਂ ਸਮੁੰਦਰ ਦਾ ਨਜ਼ਾਰਾ ਦਿਖਾਉਣ ਦੇ ਬਹਾਨੇ ਨਰਿੰਦਰ ਸਿੰਘ ਨੂੰ ਨਾਲ ਲੈ ਜਾਵਾਂਗੇ। ਉੱਥੇ ਮੈਂ ਆਪਣੀ ਜਾਦੂਈ ਸ਼ਕਤੀ ਨਾਲ ਉਸਨੂੰ ਮੱਛੀ ਬਣਾ ਦਿਆਂਗੀ ! ਜਿਵੇਂ ਹੀ ਉਹ ਮੱਛੀ ਬਣੇ, ਤੁਸੀਂ ਉਸ ਨੂੰ ਸਮੁੰਦਰ ਵਿਚ ਸੁੱਟ ਦੇਣਾ। ਬਸ! ਹੋ ਜਾਵੇਗਾ ਆਪਣਾ ਕੰਮ...!

**ਹਰਿੰਦਰ ਸਿੰਘ (ਖੁਸ਼ੀ ਨਾਲ):** ਠੀਕ ਆ...! ਫਿਰ ਤੂੰ ਬਣ ਜਾਵੇਂਗੀ ਮਹਾਰਾਣੀ ਤੇ ਮੈਂ ਇੱਕ ਮਾਹਾਰਾਜਾ!

**-----------ਦ੍ਰਿਸ਼ ਪਰਿਵਰਤਨ ਸੰਗੀਤ-----------**

**(ਆਪਸੀ ਗੱਲ-ਬਾਤ ਦਾ ਦ੍ਰਿਸ਼ ਅਤੇ ਖਾਣ ਦੀ ਮੇਜ਼ 'ਤੇ ਪਲੇਟਾਂ ਤੇ ਚਮਚਿਆਂ ਦੀਆਂ ਆਵਾਜ਼ਾਂ)**

**ਨਰਿੰਦਰ ਸਿੰਘ:**ਸ਼ੁਕਰੀਆ ਵੀਰ ਜੀ ! ਐਨੀ ਚੰਗੀ ਦਾਵਤ ਦੇ ਲਈ ਧੰਨਵਾਦ! ਮੈਂ ਕੁਝ ਕਹਿਣਾ ਚਾਹੁੰਦਾ ਹਾਂ ਆਪ ਨੂੰ!

**ਹਰਿੰਦਰ ਸਿੰਘ:** ਕਹਿ !

**ਨਰਿੰਦਰ ਸਿੰਘ:** ਦਰਅਸਲ, ਮੈਨੂੰ ਲੱਗਦਾ ਏ ਕਿ ਤੁਸੀਂ ਜਿਸ ਪ੍ਰਕਾਰ ਸ਼ਾਸ਼ਨ ਕਰ ਰਹੇ ਹੋ, ਉਸ ਵਿਚ ਕੁਝ ਬਦਲਾਉ ਦੀ ਜ਼ਰੂਰਤ ਹੈ। ਜੇਕਰ ਅਸੀਂ ਭਵਿੱਖ ਦੀ ਸੋਚੀਏ ਤਾਂ ਸਾਡੇ ਰਾਜ ਦੇ ਕੰਮਾਂ ਦਾ ਢੰਗ...

**(ਵਿਚੋਂ ਹੀ ਟੋਕਦੇ ਹੋਏ।)**

**ਹਰਿੰਦਰ ਸਿੰਘ:**ਚਲੋ ਬਾਹਰ ਚੱਲ ਕੇ ਗੱਲ ਕਰਦੇ ਹਾਂ...! ਸਾਹਮਣੇ ਸਮੁੰਦਰ ਦਾ ਖੂਬਸੂਰਤ ਨਜ਼ਾਰਾ ਵੀ ਦਿਸਦਾ ਰਹੇਗਾ!

**(ਦੋਨਾਂ ਦੇ ਚੱਲਣ ਦੀ ਆਵਾਜ਼/ ਪੈਰਾਂ ਦੀ ਆਵਾਜ਼)**

**ਨਰਿੰਦਰ ਸਿੰਘ:** ਵਾਹ! ਕਿੰਨ੍ਹਾ ਸੋਹਣਾ ਨਜ਼ਾਰਾ ਹੈ...! ਵੀਰ ਜੀ, ਕੀ ਤੁਹਾਨੂੰ ਨਹੀਂ ਲੱਗਦਾ ਕਿ ਇਸ ਨੂੰ ਸਹੇਜ ਕੇ ਰੱਖਣਾ ਚਾਹੀਦਾ ਹੈ ?

**ਹਰਿੰਦਰ ਸਿੰਘ(ਤੇਜ਼ ਆਵਾਜ਼ ਵਿਚ):** ਬਹੁਤ ਹੋ ਗਿਆ ਤੇਰਾ ਭਾਸ਼ਣ! ਤੂੰ ਮੈਨੂੰ ਹਮੇਸ਼ਾ ਹੀ ਤੰਗ ਕਰਦਾ ਆ ਰਿਹਾ ਏਂ ! ਸਰੋਜ! ਆ ! ਮੇਰਾ ਖਹਿੜਾ ਛੁਡਾ ਇਸ ਮੂਰਖ ਤੋਂ !

**(ਦ੍ਰਿਸ਼ ਪਰਿਵਰਤਨ ਸੰਗੀਤ)**

**(ਰੇਨੂ ਦਾ ਘਰ/ ਰਾਤ ਦਾ ਸਮਾਂ)**

***ਮੀਨਾ***:...ਤੇ ਹਰਿੰਦਰ ਸਿੰਘ ਦੀ ਪਤਨੀ ਨੇ ਜਾਦੂਈ ਸ਼ਕਤੀ ਨਾਲ ਨਰਿੰਦਰ ਸਿੰਘ ਨੂੰ ਇਕ ਮੱਛੀ ਬਣਾ ਦਿੱਤਾ! ਹਰਿੰਦਰ ਸਿੰਘ ਨੇ ਮੱਛੀ ਬਣੇ ਆਪਣੇ ਭਰਾ ਨੂੰ ਸਮੁੰਦਰ ਵਿਚ ਸੁੱਟ ਦਿੱਤਾ !

**ਰੇਨੂ:** ਹਾਏ...! ਉਹ ਤਾਂ ਚੱਟਾਨਾਂ ਨਾਲ ਟਕਰਾ ਕੇ ਮਰ ਗਿਆ ਹੋਵੇਗਾ ?

***ਮੀਨਾ***: ਨਹੀਂ ! ਉਥੇ ਕੋਈ ਚੱਟਾਨ ਨਹੀਂ ਸੀ ਤੇ ਉਸ ਦੀ ਜਾਨ ਬਚ ਗਈ !

**ਰੇਨੂ:** (ਖੁਸ਼ੀ ਨਾਲ): ਚਲੋ, ਇਹ ਤਾਂ ਚੰਗਾ ਹੋਇਆ।

***ਮੀਨਾ***: ਪਰ, ਰਾਜਕੁਮਾਰ ਨੂੰ ਖਤਰਾ ਅਜੇ ਟਲਿਆ ਨਹੀਂ ਸੀ! ਉਸਦੇ ਭਰਾ ਦਾ ਇਹ ਸਮੁੰਦਰੀ ਇਲਾਕਾ ਮੱਛੀ ਦੇ ਰਹਿਣ ਲਈ ਬਹੁਤ ਗੰਦਾ ਸੀ। ਇਸ ਲਈ ਉਹ ਲਗਾਤਾਰ ਤੈਰਦਾ ਹੀ ਰਿਹਾ। ਤੈਰਦਾ-ਤੈਰਦਾ ਉਹ ਇਕ ਅਜਿਹੇ ਵਿਸ਼ਾਲ ਸਦਾਬਹਾਰ ਜੰਗਲੀ ਇਲਾਕੇ ਵਿਚ ਜਾ ਪਹੁੰਚਿਆ ਜਿੱਥੇ ਪਹਿਲਾਂ ਕੋਈ ਵੀ ਨਹੀਂ ਸੀ ਆਇਆ !

**ਰੇਨੂ:** ਸੁੰਦਰਵਣ ਵਿੱਚ ? ਭਾਰਤ ਦੇ ਪੂਰਬੀ ਤੱਟ 'ਤੇ ?

***ਮੀਨਾ***: ਹਾਂ, ਸੁੰਦਰਵਣ ! ਭਾਰਤ ਦਾ ਹੀ ਨਹੀਂ ਸਗੋਂ ਦੁਨੀਆ ਦਾ ਸਭ ਤੋਂ ਵੱਡਾ ਸਦਾਬਹਾਰ ਜੰਗਲ !

**ਰੇਨੂ:** ਮੰਮੀ ! ਗੁਜਰਾਤ ਤੋਂ ਤੈਰਦੇ ਹੋਏ ਸੁੰਦਰਵਣ ਤੱਕ ਭਲਾ ਕੋਈ ਕਿਵੇਂ ਪਹੁੰਚ ਸਕਦਾ ਹੈ?

***ਮੀਨਾ***: ਕਿਉਂ ਨਹੀਂ ? ਸਮੁੰਦਰ ਤਾਂ ਜੁੜਿਆ ਹੋਇਆ ਹੀ ਐ ! ਮੱਛੀ ਬਣਿਆ ਰਾਜਕੁਮਾਰ ਦੂਰ ਸੁੰਦਰਵਣ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਸਮਝ ਕੇ ਜਿਵੇਂ ਹੀ ਅਰਾਮ ਕਰਨ ਲਈ ਰੁਕਿਆ, ਉਸ ਨੂੰ ਮਛੇਰਿਆਂ ਨੇ ਫੜ ਲਿਆ।

**(ਦ੍ਰਿਸ਼ ਪਰਿਵਰਤਨ ਸੰਗੀਤ)**

**ਦ੍ਰਿਸ਼ -ਤੀਜਾ**

**(ਸਮੁੰਦਰੀ ਤੱਟ ਤੇ ਮਛੇਰੇ ਮੱਛੀਆਂ ਫੜ ਰਹੇ ਨੇ )**

**ਮਛੇਰਾ:(ਸ਼ਿਕਾਇਤ ਭਰੀ ਆਵਾਜ਼ ਵਿਚ)** ਕਿੰਨ੍ਹੀ ਛੋਟੀ ਹੈ ਇਹ ਮੱਛੀ ? ਇਹ ਮੱਛੀਆਂ ਵੀ ਦਿਨ-ਬਦਿਨ ਛੋਟੀਆਂ ਹੀ ਹੁੰਦੀਆਂ ਜਾ ਰਹੀਆਂ ਹਨ।

**ਨਰਿੰਦਰ ਸਿੰਘ:** ਤਾਂ ਤੁਸੀਂ ਮੈਨੂੰ ਕਿਉਂ ਫੜ ਰਹੇ ਹੋ ?

**ਮਛੇਰਾ(ਹੈਰਾਨੀ ਨਾਲ):** ਹੈਂ...! ਤੂੰ ਤਾਂ ਬੋਲਣ ਵਾਲੀ ਮੱਛੀ ਏਂ।

**ਨਰਿੰਦਰ ਸਿੰਘ:** ਹਾਂ ! ਕ੍ਰਿਪਾ ਕਰਕੇ ਮੈਨੂੰ ਛੱਡ ਦਿਉ।ਮੈਂ ਤਾਂ ਬਹੁਤ ਛੋਟੀ ਹਾਂ ! ਕਿਸੇ ਵੱਡੀ ਮੱਛੀ ਨੂੰ ਫੜ ਲੈਣਾ!

**ਮਛੇਰਾ:**ਕਿੱਥੋਂ ਫੜੀਏ ਵੱਡੀ ਮੱਛੀ...! ਮੱਛੀਆਂ ਰਹਿ ਹੀ ਕਿੱਥੇ ਗਈਆਂ! ਬਾਹਰਲੇ ਲੋਕ ਇੱਥੋਂ ਧੜਾ ਧੜ ਮੱਛੀਆਂ ਫੜਦੇ ਰਹੇ ! ਮੁੱਕ ਚੱਲੀਆਂ ਨੇ ਇਹ ਮੱਛੀਆਂ !

**ਨਰਿੰਦਰ ਸਿੰਘ:** ਤਾਂ ਕੀ ਹੁਣ ਇੱਥੇ ਮੱਛੀਆਂ ਦੀ ਘਾਟ ਹੋ ਗਈ ?

**ਮਛੇਰਾ:** ਹਾਂ! ਵੱਡੀਆਂ-ਵੱਡੀਆਂ ਕਿਸ਼ਤੀਆਂ ਤੇ ਵੱਡੇ-ਵੱਡੇ ਜਾਲਾਂ ਨਾਲ ਬਾਹਰਲੇ ਇੱਥੇ ਮੱਛੀਆਂ ਦਾ ਅੰਨ੍ਹੇਵਾਹ ਸ਼ਿਕਾਰ ਕਰਨ ਲੱਗੇ ! ਛੋਟੀਆਂ ਮੱਛੀਆਂ ਜਾ ਉਨ੍ਹਾਂਦੇ ਬੱਚਿਆਂ ਦਾ ਵੀ ਧਿਆਨ ਨਹੀਂ ਰੱਖਿਆ! ਐਨੀ ਤੇਜੀ ਨਾਲ ਸ਼ਿਕਾਰ ਕੀਤਾ

ਕਿ ਮੱਛੀਆਂ ਨੂੰ ਵਡੇ ਹੋਣ ਤੇ ਆਪਣੀ ਗਿਣਤੀ ਵਧਾਉਣ ਤੱਕ ਦਾ ਸਮਾਂ ਨਹੀਂ ਮਿਲਿਆ!

**ਨਰਿੰਦਰ ਸਿੰਘ:** ਪਰ ਜਾਣਦੇ ਹੋਏ ਵੀ ਤੁਸੀਂ ਮੇਰੇ ਵਰਗੀ ਛੋਟੀ ਮੱਛੀ ਨੂੰ ਕਿਉਂ ਫੜ ਰਹੇ ਹੋ?

**ਮਛੇਰਾ:** ਮੈਂ ? ਮੈਂ ਨਹੀਂ...! ਮੈਂ ਭਲਾ ਧਨਾਢ ਸੇਠਾਂ ਦਾ ਮੁਕਾਬਲਾ ਕਿਵੇਂ ਕਰਦਾ ? ਮੇਰੀ ਤਾਂ ਕਿਸ਼ਤੀ ਵੀ ਵਿਕ ਗਈ ਤੇ ਜਾਲ ਵੀ।ਮੈਂ ਤਾਂ ਉਨ੍ਹਾਂ ਦੀਆਂ ਕਿਸ਼ਤੀਆਂ 'ਤੇ ਨੌਕਰੀ ਕਰਦਾ ਹਾਂ। ਹੁਣ ਬਸ! ਉਹੀ ਕਰਦਾ ਹਾਂ ਜੋ ਉਹ ਆਖਦੇ ਹਨ।

**ਨਰਿੰਦਰ ਸਿੰਘ:** ਤੁਸੀਂ ਮੈਨੂੰ ਛੱਡ ਦਿਉ ! ਮੇਰੇ 'ਤੇ ਤਰਸ ਖਾਉ !

**ਮਛੇਰਾ:** ਪਰ, ਤੂੰ ਤਾਂ ਹੈਂ ਹੀ ਬਹੁਤ ਸੁੰਦਰ ! ਰਾਣੀ ਤੈਨੂੰ ਲੈ ਕੇ ਬਹੁਤ ਖੁਸ਼ ਹੋਵੇਗੀ ਤੇ ਮੈਨੂੰ ਇਨਾਮ ਵੀ ਦੇਵੇਗੀ !

**------------ਦ੍ਰਿਸ਼ ਪਰਿਵਰਤਨ ਸੰਗੀਤ-----------**

**ਮੀਨਾ:** ਰਾਣੀ ਸੱਚ-ਮੁੱਚ ਉਸ ਅਨੋਖੀ ਮੱਛੀ ਨੂੰ ਲੈ ਕੇ ਬਹੁਤ ਖੁਸ਼ ਸੀ।ਉਸਨੂੰ ਬਹੁਤ ਪਿਆਰ ਨਾਲ ਰੱਖਦੀ ! ਰਾਣੀ ਨੇ ਮੱਛੀ ਨੂੰ ਕੱਚ ਦੇ ਇਕ ਭਾਂਡੇ ਵਿਚ ਰੱਖਿਆ ਤੇ ਉਸਨੂੰ ਉਬਲੇ ਹੋਏ ਚੌਲ ਖਵਾਏ। ਰਾਣੀ, ਨੇ ਉਸਨੂੰ ਰਾਜਕੁਮਾਰ ਮੱਛੀ ਕਹਿਣਾ ਸੁਰੂ ਕਰ ਦਿੱਤਾ ! ਇਕ ਦਿਨ ਰਾਜਕੁਮਾਰ ਮੱਛੀ ਬਹੁਤ ਉਦਾਸ ਸੀ ! ਰਾਣੀ ਨੇ ਇਸ ਉਦਾਸੀ ਕਾਰਨ ਜਾਣਨ ਦੀ ਕੀਤੀ ਕੋਸ਼ਿਸ਼ !

**--------------ਦ੍ਰਿਸ਼ ਪਰਿਵਰਤਨ ਸੰਗੀਤ-------------**

**ਦ੍ਰਿਸ਼ -ਚੌਥਾ**

**(ਸਮੁੰਦਰੀ ਤੱਟ ਦੇ ਰਾਜ ਦੀ ਰਾਣੀ ਦਾ ਮਹਿਲ)**

**ਰਾਣੀ:** ਕੀ ਗੱਲ ਹੈ...? ਸਭ ਠੀਕ ਤਾਂ ਹੈ?

**ਨਰਿੰਦਰ ਸਿੰਘ:** ਮਹਾਰਾਣੀ ! ਇਹ ਭਾਂਡਾ ਬਹੁਤ ਛੋਟਾ ਹੈ। ਮੈਨੂੰ ਇਸ ਵਿਚ ਔਖ ਹੋ ਰਹੀ ਹੈ।

**ਰਾਣੀ(ਹੈਰਾਨੀ ਨਾਲ):** ਵਾਹ! ਤੂੰ ਤਾਂ ਬੋਲ ਵੀ ਸਕਦੀ ਏਂ।

**ਨਰਿੰਦਰ ਸਿੰਘ:** ਹਾਂ, ਮੈਂ ਬੋਲ ਸਕਦਾ ਹਾਂ !

**ਰਾਣੀ:** ਘਬਰਾ ਨਾ! ਤੈਨੂੰ ਕੋਈ ਨੁਕਸਾਨ ਨਹੀਂ ਹੋਵੇਗਾ ! ਇਹ ਦੱਸ ਕਿ ਤੂੰ ਗੱਲਬਾਤ ਕਿਵੇਂ ਕਰ ਲੈਂਦੀ ਹੈਂ ? ਕਿੱਥੋਂ ਦੀ ਰਹਿਣ ਵਾਲੀ ਹੈਂ ?

**ਨਰਿੰਦਰ ਸਿੰਘ:**ਮੈਂ ਬਹੁਤ ਦੂਰ ਦਾ ਵਾਸੀ ਹਾਂ।ਭਾਰਤ ਦੇ ਪੂਰੇ ਸਮੁੰਦਰੀ ਤੱਟ ਦੀ ਯਾਤਰਾ ਕਰਕੇ ਇੱਥੇ ਪਹੁੰਚਿਆ ਹਾਂ !

**ਰਾਣੀ:** ਫਿਰ ਤਾਂ ਤੁਸੀਂ ਸਫ਼ਰ ਵਿਚ ਬਹੁਤ ਕੁਝ ਦੇਖਿਆ ਹੋਵੇਗਾ ?

**ਨਰਿੰਦਰ ਸਿੰਘ:** ਹਾਂ, ਮੈਂ ਅਰਬ ਸਾਗਰ ਤੋਂ ਹੁੰਦਾ ਹੋਇਆ ਕੋਂਕਣ, ਮਾਲਾਬਾਰ ਤੱਟ ਅਤੇ ਲਕਸ਼ਦੀਪ ਤੱਕ ਤੈਰਦਾ ਰਿਹਾ। ਫਿਰ ਮੈਂ ਭਾਰਤ ਦੇ ਬਿਲਕੁਲ ਦੱਖਣੀ ਤੱਟ 'ਤੇ ਕੰਨਿਆਕੁਮਾਰੀ ਪਹੁੰਚਿਆ ! ਉੱਥੋਂ ਮੈਂ ਮਨਾਰ ਦੀ ਖਾੜੀ ਨੂੰ ਲੰਘਦਾ ਹੋਇਆ, ਬੰਗਾਲ ਦੀ ਖਾੜੀ ਦੇ ਤੱਟ ਦੇ ਸਹਾਰੇ ਯਾਤਰਾ ਕਰਦਾ-ਕਰਦਾ ਤੁਹਾਡੇ ਰਾਜ ਤੱਕ ਆ ਪਹੁੰਚਿਆ।

**ਰਾਣੀ:** ਵਾਹ! ਤਾਂ ਤੇ ਸਮੁੰਦਰ ਬਾਬਤ ਤੁਹਾਡਾ ਅਨੁਭਵ ਬਹੁਤ ਵਿਸ਼ਾਲ ਹੋਵੇਗਾ !

**ਨਰਿੰਦਰ ਸਿੰਘ:** ਹਾਂ ! ਇਸ ਸਫ਼ਰ ਵਿਚ ਮੈਂ ਅਜਿਹੇ ਸਮੁੰਦਰੀ ਜੀਵ-ਜੰਤੂ ਵੀ ਦੇਖੇ ਜਿਨ੍ਹਾਂ ਨੂੰ ਕਿਤੇ ਹੋਰ ਦੇਖ ਸਕਣਾ ਅਸੰਭਵ ਹੈ । ਕਿਤੇ ਮੂੰਗੇ ਦੀਆਂ ਚੱਟਾਨਾਂ ਸਨ ਤਾਂ ਕਿਤੇ ਭਿੰਨ-ਭਿੰਨ ਕਿਸਮ ਦੇ ਸੱਪ ਤੇ ਸਮੁੰਦਰੀ ਮੱਛੀਆਂ! ਮੈਂ

ਸਮੁੰਦਰੀ ਕੱਛੂ ਵੀ ਦੇਖੇ ਤੇ ਬਹੁਤ ਹੀ ਖੂਬਸੂਰਤ ਸਮੁੰਦਰੀ ਘਾਹ ਵਾਲੇ ਰੰਗ-ਬਿਰੰਗੇ ਇਲਾਕੇ ਵੀ ।

**ਰਾਣੀ:** ਇਹ ਸਭ ਤਾਂ ਕਿਸੇ ਸੁਰਗ ਤੋਂ ਘੱਟ ਨਹੀਂ।

**ਨਰਿੰਦਰ ਸਿੰਘ:** ਪਰ, ਉੱਥੇ ਵੀ ਸੱਭ ਅੱਛਾ ਨਹੀਂ ! ਇਸ ਯਾਤਰਾ ਦੇ ਦੌਰਾਨ ਮੈਂ ਦਿਲ ਦੁਖਾਉਣ ਵਾਲਾ ਵੀ ਬਹੁਤ ਕੁੱਝ ਵੇਖਿਆ !

**ਰਾਣੀ:** ਅਜਿਹਾ ਕੀ ਦੇਖ ਲਿਆ ਤੁਸੀਂ ?

**ਨਰਿੰਦਰ ਸਿੰਘ:** ਦੇਖਿਆ ਕਿ ਕੂੜਾ-ਕਰਕਟ ਤੇ ਗੰਦੇ ਨਾਲੇ ਸਿੱਧੇ ਸਮੁੰਦਰ ਵਿਚ ਡਿੱਗ ਰਹੇ ਸਨ। ਕਈ ਥਾਵਾਂ 'ਤੇ ਤਾਂ ਕਾਲੇ ਜ਼ਹਿਰੀਲੇ ਤਰਲ ਤੇ ਖ਼ਤਰਨਾਕ ਕੈਮੀਕਲਾਂ ਦੇ ਡਰੰਮਾਂ ਦੇ ਡਰੰਮ, ਸਮੁੰਦਰ ਦੇ ਸਾਫ਼ ਪਾਣੀ ਵਿਚ ਡੋਲ੍ਹੇ ਜਾ ਰਹੇ ਸਨ। ਬਹੁਤ ਹੀ ਭੈਅ-ਭੀਤ ਕਰਨ ਵਾਲਾ ਪੜਾਅ ਸੀ ਉਹ। ਕਈ ਜੀਵ-ਜੰਤੂ ਤੜਫ਼ ਕੇ ਮਰ ਰਹੇ ਸਨ।

**ਰਾਣੀ:** ਮੇਰੇ ਰਾਜ ਵਿਚ ਤਾਂ ਅਜਿਹਾ ਨਹੀਂ ਹੁੰਦਾ।

**ਨਰਿੰਦਰ ਸਿੰਘ:** ਤੁਹਾਡਾ ਰਾਜ ਬੇਸ਼ੱਕ ਹੋਰ ਇਲਾਕਿਆਂ ਦੀ ਤੁਲਨਾ ਵਿਚ ਚੰਗਾ ਹੈ ਪਰ ਇਹ ਵੀ ਇਨ੍ਹਾਂ ਬੁਰਾਈਆਂ ਤੋਂ ਪੂਰੀ ਤਰ੍ਹਾਂ ਨਹੀਂ ਬਚਿਆ ਹੋਇਆ !

**ਰਾਣੀ:** ਤੁਹਾਡੀਆਂ ਗੱਲਾਂ ਤੋਂ ਸ਼ਾਹੀ ਸ਼ਖ਼ਸੀਅਤ ਦਾ ਝਾਉਲਾ ਪੈਂਦਾ ਹੈ !

**ਨਰਿੰਦਰ ਸਿੰਘ:** ਤੁਸੀਂ ਠੀਕ ਬੁੱਝਿਆ ਹੈ ਜੀ ! ਮੇਰੀ ਕਹਾਣੀ ਬਹੁਤ ਦੁੱਖ ਭਰੀ ਆ। ਮੈਂ ਇਕ ਰਾਜਕੁਮਾਰ ਸੀ। ਮੇਰੇ ਪਿਤਾ ਜੀ ਸਾਰਾ ਰਾਜ ਮੈਨੂੰ ਦੇਣਾ ਚਾਹੁੰਦੇ ਸੀ ਜਿਸ ਕਰਕੇ ਮੇਰਾ ਭਰਾ ਬਹੁਤ ਗੁੱਸੇ ਹੋ ਗਿਆ ! ਉਸਨੇ ਜਾਦੂਈ ਸ਼ਕਤੀਆਂ ਨਾਲ ਮੈਨੂੰ ਇਕ ਮੱਛੀ ਬਣਾ ਦਿੱਤਾ।

**ਰਾਣੀ(ਜ਼ੋਰ ਨਾਲ ਹੱਸਦੇ ਹੋਏ):** ਮੈਂ ਵੀ ਜਾਦੂ ਜਾਣਦੀ ਹਾਂ। ਦਰਅਸਲ ਮੈਂ ਵੀ ਇਕ ਡਾਇਨ ਹਾਂ।

**ਨਰਿੰਦਰ ਸਿੰਘ:** ਕੀ ਆਖਿਆ ? ਸੱਚੀਂ ! ਕਰਕੇ ਮੈਨੂੰ ਫਿਰ ਤੋਂ ਮਨੁੱਖੀ ਰੂਪ ਦੇ ਦੇਵੋ।ਬਦਲੇ ਵਿੱਚ ਜੋ ਤੁਸੀਂ ਚਾਹੋ, ਮੈਂ ਕਰਾਂਗਾ !

**ਰਾਣੀ:** ਤੁਸੀਂ ਸਮੁੰਦਰ ਦੀ ਅਨੋਖੀਆਂ ਥਾਵਾਂ ਦੇ ਬਾਰੇ ਗੱਲ ਕੀਤੀ ਹੈ ! ਤੁਸੀਂ ਮੈਨੂੰ ਉਥੋਂ ਦੀ ਸੈਰ ਕਰਵਾ ਦੇਵੋ ਤੇ ਮੈਂ ਤੁਹਾਨੂੰ ਫਿਰ ਤੋਂ ਮਨੁੱਖ ਬਣਾ ਦੇਵਾਂਗੀ।

**ਨਰਿੰਦਰ ਸਿੰਘ:** ਠੀਕ ਆ... ਮੈਂ ਤਿਆਰ ਹਾਂ।

**----------ਦ੍ਰਿਸ਼ ਪਰਿਵਰਤਨ ਸੰਗੀਤ----------**

**ਮੀਨਾ:** ਇਸ ਤੋਂ ਬਾਅਦ ਰਾਣੀ ਨੇ ਵੀ ਆਪਣੇ ਆਪ ਨੂੰ ਇਕ ਮੱਛੀ ਵਿਚ ਬਦਲ ਲਿਆ ਤੇ ਉਹ ਦੋਵੇਂ ਚੱਲ ਪਏ ਭਾਰਤ ਦੇ ਸਮੁੰਦਰੀ ਤੱਟਾਂ ਦੀ ਸੈਰ ਤੇ !

**-----------ਦ੍ਰਿਸ਼ ਪਰਿਵਰਤਨ ਸੰਗੀਤ----------**

**ਦ੍ਰਿਸ਼ -ਪੰਜਵਾਂ**

**(ਸਮੁੰਦਰੀ ਤੱਟ ਦੀ ਸੈਰ)**

**ਨਰਿੰਦਰ ਸਿੰਘ:** ਮਹਾਰਾਣੀ, ਪਹਿਲਾਂ ਤੁਹਾਨੂੰ ਰੇਤ ਜਾਂ ਚਿਕੜ ਨਾਲ ਬਣੇ ਹੋਏ ਤੱਟਾਂ ਦੀ ਯਾਤਰਾ ਕਰਵਾਉਂਦਾ ਹਾਂ !

ਜਵਾਰਭਾਟੇ ਵੇਲੇ ਸਮੁੰਦਰੀ ਲਹਿਰਾਂ ਸਾਲਾਂ ਬੱਧੀ ਆਪਣੇ ਪਿੱਛੇ ਚਿਕੜ-ਮਿੱਟੀ ਛੱਡਦੀਆਂ ਚਲੀਆਂ ਜਾਂਦੀਆਂ ਹਨ ।ਪਾਣੀ ਦੇ ਲਗਾਤਾਰ ਸੰਪਰਕ ਕਾਰਨ ਇੱਥੋਂ ਦੀ ਜ਼ਮੀਨ ਨਰਮ ਰਹਿੰਦੀ ਹੈ !

**ਰਾਣੀ:** ਦੇਖੋ! ਔਹ ਕੇਕੜਾ...!

**ਨਰਿੰਦਰ ਸਿੰਘ:** ਹਾਂ ! ਉਥੇ ਬਹੁਤ ਸਾਰੇ ਕੇਕੜੇ ਹਨ ! ਉਹ ਇੱਥੇ ਖਾਣ ਵਾਲੀਆਂ ਸੁਆਦੀ ਚੀਜ਼ਾਂ ਲਈ ਆਏ ਹਨ !

**----------ਚਿੜੀਆਂ ਦੀ ਆਵਾਜ਼----------**

**ਰਾਣੀ:** ਔਹ ਦੇਖੋ! ਅਜਿਹੇ ਪੰਛੀ ਤਾਂ ਮੈਂ ਪਹਿਲਾਂ ਕਦੇ ਨਹੀਂ ਦੇਖੇ !

**ਨਰਿੰਦਰ ਸਿੰਘ:** ਉਹ ਪਰਵਾਸੀ ਪੰਛੀ ਨੇ! ਮੌਸਮ ਬਦਲਣ ਦੇ ਨਾਲ ਇਕ ਥਾਂ ਤੋਂ ਦੂਜੀ ਥਾਂ ਦੀ ਯਾਤਰਾ ਕਰਦੇ ਹਨ। ਚਿੱਕੜ ਵਾਲੇ ਇਹ ਨਰਮ ਸਮੁੰਦਰੀ ਤੱਟ ਇਨ੍ਹਾਂ ਪੰਛੀਆਂ ਦੇ ਲਈ ਬਹੁਤ ਮਹੱਤਵਪੂਰਨ ਹਨ। ਆਪਣੀ ਯਾਤਰਾ ਦੌਰਾਨ ਇਨ੍ਹਾਂ ਥਾਵਾਂ ‘ਤੇ ਰੁਕ ਕੇ ਇਹ ਆਪਣਾ ਢਿੱਡ ਭਰਦੇ ਹਨ ਤੇ ਫਿਰ ਅੱਗੇ ਦਾ ਸਫ਼ਰ ਤੈਅ ਕਰਦੇ ਹਨ।

**ਰਾਣੀ(ਸਹਿਮੀ ਹੋਈ ਅਵਾਜ਼ ਵਿਚ):** ਹਾਏ ! ਉਨ੍ਹਾਂ ਦੀ ਚੁੰਜ ਤੇ ਪੈਰ ਕਿੰਨ੍ਹੇ ਵੱਡੇ-ਵੱਡੇ ਨੇ ! ਉਹ ਤਾਂ ਸਾਨੂੰ ਕਿਸੇ ਵੇਲੇ ਵੀ ਜ਼ਖ਼ਮੀ ਕਰ ਸਕਦੇ ਹਨ। ਸਾਨੂੰ ਕਿਸੇ ਸੁਰੱਖਿਅਤ ਥਾਂ ‘ਤੇ ਜਾਣਾ ਚਾਹੀਦਾ ਹੈ।

**ਨਰਿੰਦਰ ਸਿੰਘ:** ਹਾਂ...ਹਾਂ.... ਇਧਰ ਆਉ। ਸਮੁੰਦਰੀ ਘਾਹ ਵਿਚ ਜਾਣਾ ਠੀਕ ਰਹੇਗਾ।

**ਰਾਣੀ:** ਹਾਂ, ਇਹ ਜ਼ਿਆਦਾ ਸੁਰੱਖਿਅਤ ਹੈ। ਉੱਧਰ ਤਾਂ ਦੇਖੋ..!

**ਨਰਿੰਦਰ ਸਿੰਘ:** ਓਹ ਸਮੁੰਦਰੀ ਕੱਛੂ ਹੈ।ਦੇਖੋ ਕਿੰਨੀ ਤੇਜ਼ੀ ਨਾਲ ਤੈਰ ਰਿਹਾ ਹੈ !

**ਰਾਣੀ:** ਇੱਥੇ ਹੋਰ ਕੀ ਖ਼ਾਸ ਹੈ ?

**ਨਰਿੰਦਰ ਸਿੰਘ:** ਬਹੁਤ ਸਾਰੀਆਂ ਥਾਵਾਂ ਹਨ। ਕਈ ਚੱਟਾਨੀ ਤੱਟ ਵੀ ਨੇ ਪਰ ਹਨ ਇੱਥੋਂ ਬਹੁਤ ਦੂਰ ! ਉਥੋਂ ਦੀ ਯਾਤਰਾ ਦੇ ਦੌਰਾਨ ਤੁਹਾਨੂੰ ਬਹੁਤ ਸਾਰੇ ਸਮੁੰਦਰੀ ਸਪੰਜ ਅਤੇ ਅਨੋਖੇ ਸਮੁੰਦਰੀ ਜੀਵ ਵੀ ਦਿਖਾਈ ਦੇਣਗੇ। ਬਸ! ਇਸ ਤਰ੍ਹਾਂ ਸਮਝ ਲਉ ਕਿ ਸਭ ਕੁਝ ਕਿਸੇ ਦੂਸਰੀ ਦੁਨੀਆ ਦੀ ਸੈਰ ਵਰਗਾ ਹੋਵੇਗਾ।

**ਰਾਣੀ:** ਕੀ ਅਜਿਹਾ ਕੁਝ ਐਥੇ ਕਿਤੇ ਨੇੜੇ ਤੇੜੇ ਨਹੀਂ ?

**ਨਰਿੰਦਰ ਸਿੰਘ:** ਹੈ...! ਪਰ, ਮੈਂ ਚਾਹੁੰਦਾ ਹਾਂ ਕਿ ਤੁਸੀਂ ਪਹਿਲਾਂ ਇੱਥੋਂ ਦੇ ਸਮੁੰਦਰੀ ਤੱਟ ਦੇਖ ਲਉ ਕਿਉਂਕਿ ਮੱਛੀ ਦੀ ਨਜ਼ਰ ਨਾਲ ਤੁਸੀਂ ਪਹਿਲਾਂ ਇਹ ਸਾਰਾ ਕੁਝ ਨਹੀਂ ਦੇਖਿਆ ਹੋਣਾ।

**ਰਾਣੀ:** ਹਾਂ, ਬਹੁਤ ਪੁਰਾਣੀ ਗੱਲ ਹੈ , ਬਚਪਨ ਵਿੱਚ ਮੈਂ ਇਕ ਸਮੁੰਦਰੀ ਤੱਟ ‘ਤੇ ਅਕਸਰ ਜਾਂਦੀ ਸੀ ! ਹੁਣ ਫਿਰ ਉਸ ਤੱਟ ਨੂੰ ਦੇਖਣਾ ਬਹੁਤ ਮਜ਼ੇਦਾਰ ਹੋਵੇਗਾ।

**ਨਰਿੰਦਰ ਸਿੰਘ:** ਤਾਂ ਚਲੋ...! ਚੱਲਦੇ ਹਾਂ।

**(ਸਮੁੰਦਰ ਦੀਆਂ ਲਹਿਰਾਂ ਦੀ ਆਵਾਜ਼)**

**ਰਾਣੀ(ਹੈਰਾਨੀ ਨਾਲ):** ਇਹ ਕੀ...? ਮੇਰਾ ਪਿਆਰਾ ਸਮੁੰਦਰੀ ਤੱਟ ਕਿੱਥੇ ਗਿਆ...? ਸਭ ਕੁਝ ਕਿੰਨਾ ਬਦਲ ਗਿਆ ?

**ਨਰਿੰਦਰ ਸਿੰਘ:** ਕੀ ਹੋਇਆ ਮਹਾਰਾਣੀ...?

**ਰਾਣੀ:** ਇੱਥੇ ਤਾਂ ਬਹੁਤ ਖੂਬਸੂਰਤ ਲੰਬਾ ਜਿਹਾ…ਰੇਤਲਾ ਸਮੁੰਦਰੀ ਤੱਟ ਹੁੰਦਾ ਸੀ। ਬਹੁਤ ਸਾਰੇ ਲੋਕ ਇੱਥੇ ਸੈਰ ਕਰਨ ਆਉਂਦੇ ਸਨ। ਮਛੇਰੇ ਆਪਣੀਆਂ ਕਿਸ਼ਤੀਆਂ ਤੇ ਜਾਲ ਐਥੇ ਹੀ ਰੱਖਿਆ ਕਰਦੇ ਸਨ। (ਉਦਾਸ ਅਵਾਜ਼ ਵਿਚ) ਪਰ ਹੁਣ ਤਾਂ ਇਹ ਬਹੁਤ ਛੋਟਾ ਤੇ ਬੰਜਰ ਜਿਹਾ ਬਣ ਗਿਆ!

**ਨਰਿੰਦਰ ਸਿੰਘ:**(ਉਦਾਸ ਅਵਾਜ਼ ਵਿਚ): ਸਮੁੰਦਰ ਦੀਆਂ ਲਹਿਰਾਂ ਦੁਆਰਾ ਹੋਇਆ ਹੋਵੇਗਾ ਅਜਿਹਾ ! ਹੋਰ ਵੀ ਕਈ ਥਾਵਾਂ ‘ਤੇ ਵੀ ਅਜਿਹਾ ਹੀ ਭਾਣਾ ਵਰਤਿਆ ਹੋਵੇਗਾ ! ਔਹ ਵੱਡਾ ਸਾਰਾ ਖੱਡਾ ਜਿਹਾ ਦੇਖ ਰਹੇ ਹੋ ਤੁਸੀਂ ?

**ਰਾਣੀ:** ਹਾਂ…!

**ਨਰਿੰਦਰ ਸਿੰਘ:** ਰੇਤ ਕੱਢਣ ਵਾਲਿਆਂ ਨੇ ਵੱਡੀਆਂ-ਵੱਡੀਆਂ ਮਸ਼ੀਨਾਂ ਨਾਲ ਦਿਨ ਰਾਤ ਰੇਤ ਕੱਢ-ਕੱਢ ਕੇ ਇਹ ਖੱਡਾ ਬਣਾ ਦਿੱਤਾ ਹੈ ।ਅਜਿਹੇ ਖੱਡੇ ਤੱਟ ਦੇ ਕਟਾਅ ਨੂੰ ਤੇਜ਼ ਕਰ ਦਿੰਦੇ ਹਨ !

**ਰਾਣੀ(ਗੁੱਸੇ ਨਾਲ):** ਹੈਂ ! ਐਨਾ ਹਨੇਰ…?

**ਨਰਿੰਦਰ ਸਿੰਘ:** ਬੱਸ ! ਐਨੇ ਵਿਚ ਹੀ ਗੁੱਸਾ ? ਅਜੇ ਤਾਂ ਬਹੁਤ ਕੁਝ ਬਾਕੀ ਹੈ !

**ਰਾਣੀ:** ਇਸ ਨਾਲੋਂ ਵੀ ਬੁਰਾ?

**ਨਰਿੰਦਰ ਸਿੰਘ:** ਹਾਂ ! ਆਓ ਮੇਰੇ ਪਿੱਛੇ-ਪਿੱਛੇ ! ਅਜਿਹੀਆਂ ਥਾਵਾਂ ਵੀ ਨੇ ਜਿੱਥੇ ਮਨੁੱਖ ਖ਼ੁਦ ਆਪਣੇ ਲਈ ਵੀ ਜ਼ਹਿਰ ਫੈਲਾਈ ਜਾ ਰਿਹਾ ਹੈ !

**ਰਾਣੀ (ਉਦਾਸੀ ਵਿਚ):** ਆਹ ਕਿਹੋ ਜਿਹੀ ਬਦਬੂ ਆ ਰਹੀ ਹੈ ?

**ਨਰਿੰਦਰ ਸਿੰਘ:** ਲੱਗਦਾ ਹੈ ਨੇੜੇ-ਤੇੜੇ ਕੋਈ ਫੈਕਟਰੀ ਹੈ। ਔਹ ਦੇਖੋ, ਵੱਡੇ-ਵੱਡੇ ਪਾਇਪਾਂ ਨਾਲ ਕਿੰਨਾ ਗੰਦਾ ਕੈਮੀਕਲ ਸਿੱਧੇ ਹੀ ਸਮੁੰਦਰ ਵਿਚ ਸੁੱਟਿਆ ਜਾ ਰਿਹਾ ਹੈ।

**ਰਾਣੀ:** (ਦੁੱਖ ਤੇ ਗੁੱਸੇ ਨਾਲ) ਓਹ ! ਐਨਾ ਗੰਦਾ! ਇਸ ਨਾਲ ਤਾਂ ਇਹ ਮੱਛੀਆਂ ਵੀ ਜ਼ਹਿਰਲੀਆਂ ਹੋ ਜਾਣਗੀਆਂ।

**ਨਰਿੰਦਰ ਸਿੰਘ:** ਹਾਂ ! ਜਲੀ ਪੌਦੇ ਜੋ ਛੋਟੀਆਂ ਮੱਛੀਆਂ ਦਾ ਭੋਜਨ ਨੇ ਉਹ ਵੀ ਹੋ ਜਾਣਗੇ ਜ਼ਹਿਰੀਲੇ ! ਛੋਟੀਆਂ ਮੱਛੀਆਂ ਸ਼ਿਕਾਰ ਨੇ ਵੱਡੀਆਂ ਮੱਛੀਆਂ ਦਾ!ਇਸ ਤਰ੍ਹਾਂ ਵੱਡੀਆਂ ਮੱਛੀਆਂ ਦੇ ਸਰੀਰ ਵਿਚ ਵੀ ਹੋ ਜਾਂਦੇ ਨੇ ਜਮ੍ਹਾਂ ਜ਼ਹਿਰੀਲੇ ਤੱਤ ! ਜਹਿਰੀਲੇ ਤੱਤਾਂ ਵਾਲੀਆਂ ਇਨ੍ਹਾਂ ਮੱਛੀਆਂ ਨੂੰ ਖਾਂਦੇ ਨੇ ਇਨਸਾਨ !

**ਰਾਣੀ:** ਤੇ ਸ਼ਾਇਦ ਖਾਣ ਵਾਲਿਆਂ ਨੂੰ ਤਾਂ ਇਸਦਾ ਅੰਦਾਜ਼ਾ ਵੀ ਨਾ ਹੋਵੇ !

**ਨਰਿੰਦਰ ਸਿੰਘ:** ਹਾਂ ! ਉਨ੍ਹਾਂ ਨੂੰ ਤਾਂ ਨਹੀਂ, ਪਰ ਨਿਯੰਤਰਣ ਕਰਨ ਵਾਲਿਆਂ ਨੂੰ ਤਾਂ ਹੈ ਨਾ !

**ਰਾਣੀ:** (ਦੁਖੀ ਆਵਾਜ਼ ਵਿਚ) ਇੱਥੇ ਆ ਕੇ ਤਾਂ ਮਨ ਬਹੁਤ ਦੁਖੀ ਹੋ ਗਿਆ। ਚਲੋ.. ਇੱਥੋਂ ਮੁੜ ਚੱਲੀਏ।

**(ਸਮੁੰਦਰ ਦੀਆਂ ਲਹਿਰਾਂ ਦਾ ਸ਼ੋਰ)**

**ਰਾਣੀ:**ਇਸ ਯਾਤਰਾ ਦੇ ਲਈ ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ। ਇਕ ਮੱਛੀ ਦੀ ਨਜ਼ਰ ਨਾਲ ਹੀ ਸਹੀ, ਮੈਨੂੰ ਆਪਣੇ ਰਾਜ ਦੀ ਸਹੀ ਤਸਵੀਰ ਦੇਖਣ ਨੂੰ ਤਾਂ ਮਿਲੀ। ਤੁਸੀਂ ਮੈਨੂੰ ਕੁਦਰਤ ਦੀ ਖੂਬਸੂਰਤੀ ਵੀ ਦਿਖਾਈ ਤੇ ਭਿਆਨਕ ਸਥਿਤੀਆਂ ਵੀ। ਮੇਰੀ ਪੂਰੀ ਕੋਸ਼ਿਸ਼ ਹੋਵੇਗੀ ਕਿ ਇਹ ਖੂਬਸੂਰਤੀ ਬਣੀ ਰਹੇ ਅਤੇ ਭਿਆਨਕ ਸਥਿਤੀਆਂ ਖ਼ਤਮ ਹੋਣ। ਹੁਣ ਮੈਂ ਆਪਣੇ ਵਾਅਦੇ ਮੁਤਾਬਿਕ ਜਾਦੂ ਦੁਆਰਾ ਤੁਹਾਨੂੰ ਮੁਕਤ ਕਰਦੀ ਹਾਂ।

**(ਸਮੁੰਦਰ ਦੀਆਂ ਲਹਿਰਾਂ ਦਾ ਸ਼ੋਰ)**

**ਨਰਿੰਦਰ ਸਿੰਘ:**ਵਾਹ...! ਮੈਂ ਆਪਣੇ ਅਸਲੀ ਰੂਪ ਵਿਚ ਵਾਪਸ ਆ ਰਿਹਾ ਹਾਂ।ਮਹਾਰਾਣੀ ਤੁਹਾਡਾ ਬਹੁਤ-ਬਹੁਤ ਧੰਨਵਾਦ! ਤੁਹਾਡੀ ਕਿਰਪਾ ਕਾਰਨ ਹੁਣ ਮੈਂ ਆਪਣੇ ਰਾਜ ਵਿਚ ਵਾਪਸ ਜਾਵਾਂਗਾ ! ਆਪਣੇ ਲੋਕਾਂ ਦੀ ਸੇਵਾ ਕਰ ਸਕਾਂਗਾ! ਆਪਣੇ ਭਰਾ ਨੂੰ ਵੀ ਸਬਕ ਸਿਖਾ ਸਕਾਂਗਾ!

**ਰਾਣੀ:** ਆਪਣੇ ਭਰਾ ਨੂੰ ਸਬਕ ਸਿਖਾਉਣ ਲਈ ਮੇਰੀ ਇਕ ਗੱਲ ਦਾ ਧਿਆਨ ਰੱਖਿਓ।

**(ਸਮੁੰਦਰ ਦੀਆਂ ਲਹਿਰਾਂ ਦੀ ਅਵਾਜ਼)**

**-----------ਦ੍ਰਿਸ਼ ਪਰਿਵਰਤਨ ਸੰਗੀਤ-----------**

**ਦ੍ਰਿਸ਼ -ਛੇਵਾਂ**

**(ਰੇਨੂ ਦਾ ਘਰ/ ਰਾਤ ਦਾ ਸਮਾਂ)**

**ਮੀਨਾ:** ਰਾਣੀ ਨੇ ਰਾਜਕੁਮਾਰ ਦੇ ਕੰਨ ਵਿਚ ਕੁਝ ਕਿਹਾ ਤੇ ਉਸ ਦੇ ਚਿਹਰੇ ‘ਤੇ ਹਾਸੀ ਆ ਗਈ। ਰਾਜਕੁਮਾਰ ਨੇ ਰਾਣੀ ਦਾ ਧੰਨਵਾਦ ਕੀਤਾ ਅਤੇ ਉਹ ਆਪਣੇ ਘਰ ਵੱਲ ਤੁਰ ਪਿਆ।

**ਰੇਨੂ:** ਉਸਦੇ ਘਰ ਦਾ ਕੀ ਸੀ ਹਾਲ ਮੰਮੀ ?

**ਮੀਨਾ:** ਉੱਥੇ ਵੀ ਸੱਭ ਅੱਛਾ ਨਹੀਂ ਸੀ। ਪੁੱਤਰ ਵਿਯੋਗ ਕਾਰਨ ਰਾਜਕੁਮਾਰ ਦੇ ਪਿਤਾ ਦਾ ਤਾਂ ਦਿਲ ਹੀ ਟੁੱਟ ਗਿਆ ਸੀ।ਉਹ ਸ਼ੋਕ ਵਿਚ ਡੁੱਬੇ ਰਹਿੰਦੇ ਸਨ। ਆਲਸੀ ਰਾਜਕੁਮਾਰ ਨੇ ਪੂਰੇ ਰਾਜਭਾਗ ਤੇ ਕਬਜਾ ਕਰ ਰੱਖਿਆ ਸੀ !

**ਰੇਨੂ:** ਅੱਛਾ!

**ਮੀਨਾ:** ਹਾਂ, ਸਾਰਾ ਰਾਜਭਾਗ ਲਾਲਚ ਦੇ ਵਸ ਪੈ ਗਿਆ ਸੀ। ਹਰ ਪਾਸੇ ਅਰਾਜਕਤਾ ਹੀ ਅਰਾਜਕਤਾ ! ਰਾਜ ਦੇ ਸਦਾਬਹਾਰ ਜੰਗਲ ਖ਼ਤਮ ਹੋ ਰਹੇ ਸਨ। ਛੋਟੀਆਂ-ਛੋਟੀਆਂ ਖਾੜੀਆਂ ਨੂੰ ਮੱਛੀਆਂ ਦੇ ਫਾਰਮਾਂ ਵਿਚ ਬਦਲ ਦਿੱਤਾ ਗਿਆ ਸੀ। ਸਮੁੰਦਰ ਦੇ ਕਿਨਾਰੇ ਬਸੇ ਸ਼ਹਿਰਾਂ ਦਾ ਕੂੜਾ ਸਿੱਧਾ ਸਮੁੰਦਰ ਵਿਚ ਸੁੱਟਿਆ ਜਾ ਰਿਹਾ ਸੀ। ਮੂੰਗੇ ਦੀਆਂ ਚਟਾਨਾਂ ਤਬਾਹ ਹੋ ਗਈਆਂ ਸਨ ! ਵੇਲ੍ਹਾਂ ਤੇ ਸ਼ਾਰਕਾਂ ਦਾ ਵੱਡੇ ਪੱਧਰ ‘ਤੇ ਸ਼ਿਕਾਰ ਹੋ ਰਿਹਾ ਸੀ। ਲੋਕ ਨਾ ਸਿਰਫ਼ ਇਨ੍ਹਾਂ ਨੂੰ ਖਾ ਰਹੇ ਸਨ, ਸਗੋਂ ਇਨ੍ਹਾਂ ਦੀ ਚਰਬੀ ਦੀ ਵਰਤੋਂ ਬਾਲਣ ਦੇ ਤੌਰ ‘ਤੇ ਵੀ ਕਰ ਰਹੇ ਸਨ।

**ਰੇਨੂ:** ਮੰਮੀ, ਚੰਗੇ ਰਾਜਕੁਮਾਰ ਨੂੰ ਤਾਂ ਇਹ ਸਾਰਾ ਕੁਝ ਦੇਖ ਕੇ ਬਹੁਤ ਗੁੱਸਾ ਆਇਆ ਹੋਵੇਗਾ ?

**ਮੀਨਾ:** ਹਾਂ ! ਆਇਆ ਗੁੱਸਾ! ਉਹ ਸਿੱਧਾ ਰਾਜਮਹਿਲ ਵਿਚ ਆਪਣੇ ਪਿਤਾ ਜੀ ਕੋਲ ਗਿਆ । ਆਪਣੇ ਵਿਛੜੇ ਪੁੱਤਰ ਨੂੰ ਮਿਲ ਕੇ ਰਾਜਾ ਬਹੁਤ ਖੁਸ਼ ਹੋਇਆ । ਰਾਜਕੁਮਾਰ ਨੇ ਆਪਣੇ ਪਿਤਾ ਨੂੰ ਆਪਣੇ ਸਫਰ ਦੀ ਪੂਰੀ ਕਹਾਣੀ ਸੁਣਾਈ ! ਫਿਰ ਉਹ ਚੱਲ ਪਏ ਆਲਸੀ ਰਾਜਕੁਮਾਰ ਤੇ ਉਸ ਦੀ ਪਤਨੀ ਨੂੰ ਮਿਲਣ । ਆਪਣੇ ਭਰਾ ਨੂੰ ਦੇਖ ਕੇ ਆਲਸੀ ਰਾਜਕੁਮਾਰ ਦੇ ਪੈਰਾਂ ਹੇਠ ਖਿਸਕ ਚੱਲੀ ਧਰਤੀ !

**-----------ਦ੍ਰਿਸ਼ ਪਰਿਵਰਤਨ ਸੰਗੀਤ-----------**

**ਦ੍ਰਿਸ਼ -ਸੱਤਵਾਂ**

**(ਹਰਿੰਦਰ ਸਿੰਘ ਦਾ ਮਹਿਲ)**

**ਹਰਿੰਦਰ ਸਿੰਘ(ਹੈਰਾਨੀ ਨਾਲ):** ਇਹ ਕੀ...? ਨਰਿੰਦਰ ! ਤੂੰ ਇੱਥੇ ?

**ਨਰਿੰਦਰ ਸਿੰਘ:** ਤੁਸੀਂ ਮੇਰੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸੀ ! ਪਰ ਮੈਂ ਮਰਿਆ ਨਹੀਂ ! ਤੇਰੇ ਸਾਹਮਣੇ ਖੜ੍ਹਾ ਹਾਂ। ਮੇਰੀ ਗ਼ੈਰ ਹਾਜ਼ਰੀ ਵਿਚ ਤੁਸੀਂ ਇਸ ਰਾਜ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ ਪਰ ਹੁਣ ਅੱਗੇ ਤੋਂ ਅਜਿਹਾ ਨਹੀਂ ਹੋਵੇਗਾ।

**ਹਰਿੰਦਰ ਸਿੰਘ(ਬਚਾਉ ਦੀ ਮੁਦਰਾ ਵਿੱਚ):** ਪਰ, ਮੈਂ ਤਾਂ ਕੁਝ ਨਹੀਂ ਕੀਤਾ...! ਮੇਰਾ ਵਿਸ਼ਵਾਸ਼ ਕਰ !

**ਨਰਿੰਦਰ ਸਿੰਘ(ਵਿਅੰਗ ਨਾਲ):**ਬਿਲਕੁਲ ਠੀਕ...! ਤੂੰ ਕੁਝ ਨਹੀਂ ਕੀਤਾ।ਤੂੰ ਤਾਂ ਐਵੇਂ ਹੀ ਚੁੱਪ-ਚਾਪ ਖੜ੍ਹਾ ਸੀ। ਦੂਜੇ ਲੋਕ ਹੀ ਉਹ ਸਭ ਕੁਝ ਕਰਦੇ ਰਹੇ ਜੋ ਤੁਸੀਂ ਚਾਹੁੰਦੇ ਸੀ। ਅਜੇ ਵੀ ਸਮਾਂ ਹੈ, ਆਪਣੀ ਗ਼ਲਤੀ ਮੰਨ ਲਵੋ !

**-----------ਦ੍ਰਿਸ਼ ਪਰਿਵਰਤਨ ਸੰਗੀਤ-----------**

**(ਰੇਨੂ ਦਾ ਘਰ/ ਰਾਤ ਦਾ ਸਮਾਂ)**

**ਮੀਨਾ:** ...ਤੇ ਇਸ ਮਗਰੋਂ ਚੰਗੇ ਰਾਜਕੁਮਾਰ ਨੇ ਰਾਣੀ ਦੇ ਦੱਸੇ ਹੋਏ ਉਹ ਜਾਦੂਈ ਸ਼ਬਦ ਬੋਲੇ ਜਿਹੜੇ ਉਸਨੇ ਰਾਜਕੁਮਾਰ ਦੇ ਕੰਨ ਵਿਚ ਆਖੇ ਸੀ। ਇਨ੍ਹਾਂ ਜਾਦੂ ਭਰੇ ਸ਼ਬਦਾਂ ਨੂੰ ਸੁਣਦੇ ਹੀ ਆਲਸੀ ਰਾਜਕੁਮਾਰ ਤੇ ਉਸਦੀ ਪਤਨੀ ਮੱਛੀ ਬਣ ਗਏ। ਇਹ ਸਭ ਕੁਝ ਕਰਨ ਲਈ ਰਾਣੀ ਨੇ ਹੀ ਰਾਜਕੁਮਾਰ ਨੂੰ ਆਖਿਆ ਸੀ। ਇਕ ਮੱਛੀ ਦੇ ਰੂਪ ਵਿਚ ਰਾਣੀ ਨੇ ਬਹੁਤ ਕੁਝ ਅਨੁਭਵ ਕੀਤਾ ਸੀ। ਰਾਣੀ ਨੂੰ ਉਮੀਦ ਸੀ ਕਿ ਆਲਸੀ ਰਾਜਕੁਮਾਰ ਤੇ ਉਸ ਦੀ ਪਤਨੀ ਨੂੰ ਮੱਛੀ ਬਣ ਕੇ ਹੀ ਆਪਣੀਆਂ ਗ਼ਲਤੀਆਂ ਦਾ ਅਹਿਸਾਸ ਹੋ ਸਕਦਾ ਸੀ।

**ਰੇਨੂ:(ਅਣਮੰਨੇ ਮਨ ਨਾਲ)** ਹਾਏ...! ਤਾਂ ਕੀ ਇਹ ਕਹਾਣੀ ਇੱਥੇ ਹੀ ਖ਼ਤਮ ਹੋ ਜਾਂਦੀ ਹੈ ?

**ਮੀਨਾ:** ਹਾਂ !

**ਰੇਨੂ:** ਪਰ ਮੰਮੀ ! ਰਾਜਕੁਮਾਰ ਮੱਛੀ ਨੇ ਜਿਹੜਾ ਕੁਝ ਵੀ ਦੱਸਿਆ ਉਹ ਤਾਂ ਅੱਜ ਵੀ ਹੋ ਰਿਹਾ ਹੈ। ਭਿਆਨਕ ਪ੍ਰਦੂਸ਼ਣ ਦੇ ਕਾਰਨ ਜੀਵ-ਜੰਤੂਆਂ ਦੀ ਮੌਤ ਤਾਂ ਲਗਾਤਾਰ ਹੋ ਰਹੀ ਹੈ।

**ਮੀਨਾ(ਦੁੱਖੀ ਹੁੰਦੇ ਹੋਏ):** ਹਾਂ, ਹੋ ਰਿਹਾ ਹੈ !

**ਰੇਨੂ:** ਮੰਮੀ, ਸਾਡੇ ਸਮੁੰਦਰੀ ਕਿਨਾਰਿਆਂ ਦੀ ਰੱਖਿਆ ਲਈ ਕੁਝ ਹੋ ਵੀ ਤਾਂ ਨਹੀਂ ਰਿਹਾ !

**ਮੀਨਾ:** ਨਹੀਂ ਰੇਨੂੰ ! ਅਜਿਹਾ ਨਹੀਂ ! ਸਮੁੰਦਰ ਦੇ ਸੁਰੱਖਿਅਣ ਦੇ ਮੁੱਦੇ ਨੂੰ ਸਰਕਾਰੀ ਪੱਧਰ 'ਤੇ ਬਹੁਤ ਮਹੱਤਵ ਦਿੱਤਾ ਜਾ ਰਿਹਾ ਹੈ। ਸਾਗਰਾਂ ਵਿਚ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਤੇ ਮੱਛੀਆਂ ਦੇ ਅੰਨ੍ਹੇਵਾਹ ਸ਼ਿਕਾਰ ਨੂੰ ਰੋਕਣ ਦੀ ਦਿਸ਼ਾ ਵਿਚ ਵੀ ਕਈ ਕਦਮ ਪੁੱਟੇ ਗਏ ਹਨ।

**ਰੇਨੂ:** ਸਰਕਾਰ ਮੱਛੀ ਫੜਣ ਦੇ ਕੰਮ 'ਤੇ ਹੀ ਰੋਕ ਕਿਉਂ ਨਹੀਂ ਲਗਾ ਦਿੰਦੀ, ਮੰਮੀ ?

**ਮੀਨਾ:** ਅਜਿਹਾ ਕਿਵੇਂ ਹੋ ਸਕਦਾ ਹੈ ? ਤੱਟੀ ਇਲਾਕਿਆਂ ਦੇ ਕਰੋੜਾਂ ਲੋਕ ਆਪਣੀ ਰੋਜੀ ਰੋਟੀ ਦੇ ਲਈ ਮੱਛੀ ਦੇ ਕਾਰੋਬਾਰ 'ਤੇ ਹੀ ਨਿਰਭਰ ਹਨ !

**ਰੇਨੂ:** ਇਸ ਤਰ੍ਹਾਂ ਤਾਂ ਫਿਰ ਮੱਛੀਆਂ ਮੁੱਕ ਜਾਣਗੀਆਂ !

**ਮੀਨਾ:** ਹਾਂ ! ਪਿਛਲੇ 50 ਸਾਲਾਂ ਦੌਰਾਨ ਸਾਡਾ ਮੱਛੀ ਉਤਪਾਦਨ ਅੱਠ ਗੁਣਾ ਹੋ ਗਿਆ ! ਜੇਕਰ ਇਹੀ ਹਾਲ ਰਿਹਾ ਤਾਂ

ਹਾਲਾਤ ਭਿਆਨਕ ਹੋ ਜਾਣਗੇ। ਮੱਛੀਆਂ ਦੀ ਸੰਖਿਆ ਘਟਦੀ ਜਾਵੇਗੀ ਤੇ ਮੱਛੀਆਂ ਦੇ ਧੰਦੇ ਨਾਲ ਜੁੜੇ ਲੋਕਾਂ ਨੂੰ ਦੋ ਵਕਤ ਦਾ ਟੁੱਕੜ ਵੀ ਨਸੀਬ ਨਹੀਂ ਹੋਣਾ।

**ਰੇਨੂ:** ਤਾਂ ਤੇ ਸਮੁੰਦਰ ਦਾ ਸੁਰੱਖਿਅਣ ਕਰਨਾ ਹੀ ਹੋਵੇਗਾ, ਨਾ ਸਿਰਫ਼ ਸਮੁੰਦਰੀ ਜੀਵ-ਜੰਤੂਆਂ ਦੇ ਲਈ...ਬਲਕਿ ਆਪਣੇ ਲਈ ਵੀ।

**ਮੀਨਾ:** ਬਿਲਕੁਲ ! ਅਜਕਲ ਇਹ ਵਿਚਾਰ ਪਨਪ ਰਿਹਾ ਹੈ ਕਿ ਸਾਡਾ ਕੰਮ ਕਰਨ ਦਾ ਤਰੀਕਾ ਟਿਕਾਊ ਹੋਣਾ ਜਰੂਰੀ ਹੈ! ਅਜਿਹਾ ਨਾ ਹੋਵੇ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਅਸੀਂ ਦੂਸ਼ਿਤ ਤੇ ਖ਼ਤਰਨਾਕ ਵਾਤਾਵਰਨ ਛੱਡ ਜਾਈਏ।

**ਰੇਨੂ:** ਅੱਛਾ ! ਤਾਂ ਸਮੁੰਦਰ ਅਤੇ ਮੱਛੀਆਂ ਦੀ ਰੱਖਿਆ ਦੀ ਗੱਲ ਤੁਸੀਂ ਮੇਰੇ ਲਈ ਕਰ ਰਹੇ ਸੀ ?

**ਮੀਨਾ:** ਬਿਲਕੁਲ! ਤੁਹਾਡੀ ਪੀੜ੍ਹੀ ਦਾ ਧਿਆਨ ਰੱਖਣਾ ਵੀ ਸਾਡਾ ਫਰਜ ਹੈ ਤੇ ਲੋੜ ਵੀ !

**ਰੇਨੂ:** ਵਾਹ..! ਮੰਮੀ ! ਇੱਕ ਹੋਰ ਕਹਾਣੀ ਨਹੀਂ ਸੁਣਾ ਸਕਦੇ ?

**ਮੀਨਾ:** ਨਹੀਂ..! ਹੁਣ ਸੌਂ ਜਾਹ !

**ਰੇਨੂ:** ਚਲੋ ਠੀਕ ਆ ! ਸੌਂ ਹੀ ਜਾਂਦੀ ਹਾਂ। ਗੁਡ ਨਾਈਟ ਮੰਮੀ!

**ਮੀਨਾ:** ਗੁਡ ਨਾਈਟ ਬੇਟੀ..! ਇਕ ਵਧੀਆ ਕੱਲ੍ਹ ਦੀ ਉਮੀਦ ਨਾਲ !

**------------ਸਮਾਪਤੀ ਸੰਗੀਤ------------**

ਪ੍ਰਸ਼ਨ 1: **ਸਾਡਾ ਸਮੁੰਦਰੀ ਤਟ ਕਿੰਨਾ ਲੰਬਾ ਹੈ ?**

**ਉੱਤਰ: ਪੱਛਮ ਵਿੱਚ ਅਰਬ ਸਾਗਰ ਤੋਂ ਲੈ ਕੇ ਪੂਰਬ ਵਿੱਚ ਖਾੜੀ ਬੰਗਾਲ ਤੱਕ ਨੌ ਰਾਜਾਂ ਵਿੱਚ ਫੈਲਿਆਂ ਇਹ ਤੱਟ ਹੈ** 7500 **ਕਿਲੋਮੀਟਰ !**

ਪ੍ਰਸ਼ਨ 2 : **ਸਮੁੰਦਰ ਕਿਉਂ ਸਹਿਮਿਆ ਹੈ ?**

**ਉੱਤਰ: ਗੰਦਾ ਪਾਣੀ ਪਾ ਕੇ ਇਸਦੇ ਪਾਣੀ ਜਹਿਰੀਲੇ ਕੀਤੇ ਜਾ ਰਹੇ ਨੇ , ਇਸਦੇ ਜੀਵ ਜੰਤੂ ਮਰ ਰਹੇ ਨੇ , ਬੇਹਿਸਾਬ ਖਣਨ ਨਾਲ ਸਮੁੰਦਰੀ ਤਟ ਨਸ਼ਟ ਹੋ ਰਹੇ ਨੇ!**